# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/55673-55714
ਮਿਤੀ,ਚੰਡੀਗੜ੍ਹ 31-08-2010

ਹਵਾਲਾ :- ਸਸਅ/ਐਮਸੀ/2010/32837-32857 ਮਿਤੀ 19-04-2010।

**ਵਿਸ਼ਾ :- ਵਿਦਿਅਕ ਕੈਲੰਡਰ ਸਬੰਧੀ।**

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ ਵਿਦਿਅਕ ਕੈਲੰਡਰ 2010-11 ਸਕੂਲਾਂ ਵਿੱਚ ਪਹੁੰਚ ਚੁੱਕਾ ਹੈ ਪਰ ਸਮੇਂ ਸਮੇਂ ਤੇ ਨਿਰੀਖਣ ਟੀਮਾਂ ਵੱਲੋਂ ਇਹ ਦੇਖਣ ਵਿੱਚ ਆਇਆ ਹੈ ਕਿ ਵਿਦਿਅਕ ਕੈਲੰਡਰ ਸਕੂਲ ਮੁੱਖੀ ਦੇ ਦਫ਼ਤਰ ਵਿੱਚ ਨਹੀਂ ਲਗਾਇਆ ਜਾਂਦਾ ਹੈ ਅਤੇ ਜੇਕਰ ਲਗਾਇਆ ਵੀ ਹੋਵੇ ਤਾਂ ਇੰਨੀ ਉਚਾਈ ਤੇ ਲੱਗਿਆ ਹੁੰਦਾ ਹੈ ਕਿ ਅਧਿਆਪਕ ਅਤੇ ਵਿਦਿਆਰਥੀ ਇਸ ਨੂੰ ਚੰਗੀ ਤਰ੍ਹਾਂ ਪੜ੍ਹ ਨਹੀਂ ਸਕਦੇ। ਇਸ ਤੋਂ ਇਲਾਵਾ ਵਿਦਿਅਕ ਕੈਲੰਡਰ ਵਿੱਚ ਦਿੱਤੀਆਂ ਮਹੀਨਾਵਾਰ ਗਤੀਵਿਧੀਆਂ ਤੋਂ ਵਿਦਿਆਰਥੀਆਂ ਨੂੰ ਜਾਣੂ ਨਹੀਂ ਕਰਵਾਇਆ ਜਾਂਦਾ ਜਿਸ ਨਾਲ ਵਿਦਿਅਕ ਕੈਲੰਡਰ ਵਿੱਚ ਦਰਸਾਈਆਂ ਗਈਆਂ ਸਹਿਪਾਠੀ ਕ੍ਰਿਆਵਾਂ ਕਰਵਾਉਣ ਦਾ ਮੰਤਵ ਪੂਰਾ ਨਹੀਂ ਹੁੰਦਾ।

3.0 ਉਪਰੋਕਤ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀਆਂ ਨੂੰ ਕਿ ਵਿਦਿਅਕ ਕੈਲੰਡਰ ਨੂੰ ਯੋਗ ਉਚਾਈ ਤੇ ਲਗਾਏ ਜਾਣ ਅਤੇ ਇਸ ਵਿੱਚ ਦਰਜ ਮਹੀਨਾਵਾਰ ਗਤੀਵਿਧੀਆਂ, ਵਿਸ਼ੇਸ਼ ਕਰਕੇ ਸਹਿਪਾਠੀ ਕ੍ਰਿਆਵਾਂ ਦਿੱਤੇ ਗਏ ਸ਼ਡਿਊਲ ਮੁਤਾਬਿਕ ਕਰਵਾਏ ਜਾਣ ਦੀ ਹਦਾਇਤ ਕੀਤੀ ਜਾਵੇ।ਜੇਕਰ ਕਿਸੇ ਸਕੂਲ ਵਿੱਚ ਵਿਦਿਅਕ ਕੈਲੰਡਰ ਦੇ ਮੁਤਾਬਿਕ ਗਤੀਵਿਧੀਆਂ ਨਹੀਂ ਕਰਵਾਈਆਂ ਜਾਂਦੀਆਂ ਤਾਂ ਇਸ ਦੀ ਸਿੱਧੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**